# ਤਿਆਰ ਕੀਤੀ ਕੰਮ ਦੀ ਭਾਲ ਲਈ ਲਾਭ ਸਹਾਇਤਾ: ਖੇਤਰੀ ਬੇਰੁਜ਼ਗਾਰੀ ਦਰਾਂ

ਜੇਕਰ ਤੁਸੀਂ ਸਮਰਥਿਤ ਨੌਕਰੀ ਦੀ ਭਾਲ ਵਿੱਚ ਭਾਗ ਲੈ ਰਹੇ ਹੋ ਅਤੇ ਜਿਥੇ ਤੁਸੀਂ ਰਹਿੰਦੇ ਹੋ ਉੱਥੇ ਬੇਰੁਜਗਾਰੀ ਜ਼ਿਆਦਾ ਹੈ, ਤਾਂ WCB ਮਦਦ ਕਰ ਸਕਦਾ ਹੈ।

## ਸਮਰਥਿਤ ਨੌਕਰੀ ਦੀ ਭਾਲ

ਸਮਰਥਿਤ ਨੌਕਰੀ ਦੀ ਭਾਲ ਵੱਧ ਤੋਂ ਵੱਧ 16 ਹਫਤਿਆਂ ਤੱਕ ਹੁੰਦੀ ਹੈ (ਲਗਭਗ 4 ਮਹੀਨੇ)।

ਉਸ ਸਮੇਂ ਦੌਰਾਨ ਤੁਹਾਡਾ ਸਮਰਪਿਤ ਵੋਕੇਸ਼ਨਲ ਸਪੈਸ਼ਲਿਸਟ ਸੰਭਵ ਨੌਕਰੀ ਦੇ ਮੌਕਿਆਂ ਨੂੰ ਪਛਾਣਨ ਲਈ ਤੁਹਾਡੇ ਨਾਲ ਕੰਮ ਕਰੇਗਾ। ਜੇਕਰ ਤੁਸੀਂ ਰੁੱਝੇ ਹੋਏ ਹੋ ਅਤੇ ਕਾਮਯਾਬ ਹੋਣ ਲਈ ਮਿਹਨਤ ਕਰ ਰਹੇ ਹੋ, ਪਰੰਤੂ ਘੱਟੋ ਘੱਟ ਦੋ ਸੰਭਵ ਨੌਕਰੀ ਦੇ ਅਵਸਰ ਲੱਭਣ ਵਿੱਚ ਅਸਮਰਥ ਹੋ ਚੁੱਕੇ ਹੋ, ਤਾਂ ਵੋਕੇਸ਼ਨਲ ਸਪੈਸ਼ਲਿਸਟ ਤੁਹਾਡੇ ਖੇਤਰ ਵਿੱਚ ਬੇਰੁਜਗਾਰੀ ਦਰ ਨੂੰ ਦਰਸਾਉਣ ਲਈ ਤੁਹਾਡੀ ਨੌਕਰੀ ਦੀ ਭਾਲ ਵਿੱਚ ਵਾਧੇ ਦੀ ਸਿਫਾਰਿਸ਼ ਕਰ ਸਕਦਾ ਹੈ।

## ਸੱਤ ਆਰਥਿਕ ਖੇਤਰ

WCB ਅਲਬਰਟਾ ਦੇ ਸੱਤ ਆਰਥਿਕ ਖੇਤਰਾਂ ਉੱਤੇ ਨਜ਼ਰ ਰੱਖਦਾ ਹੈ ਅਤੇ ਅਲਬਰਟਾ ਦੀ ਸਰਕਾਰ ਦੀ ਬੇਰੁਜ਼ਗਾਰੀ ਸਬੰਧੀ ਨਵੀਨਤਮ ਦਰਾਂ ਦੀ ਜਾਣਕਾਰੀ ਜੋਕਿ ਤੁਹਾਨੂੰ ਅਤੇ ਤੁਹਾਡੀ ਭਾਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਦਾ ਉਪਯੋਗ ਕਰਦਾ ਹੈ।

[1]ਇਸ ਗੱਲ ਤੇ ਨਿਰਭਰ ਕਰਦਿਆਂ ਕਿ ਦੁਰਘਟਨਾ ਵਾਲੀ ਤਾਰੀਖ ਤੱਕ ਤੁਸੀਂ ਕਿੰਨੇ ਲੰਬੇ ਸਮੇਂ ਤੱਕ ਆਪਣੇ ਮਾਲਕ ਨਾਲ ਕੰਮ ਕੀਤਾ ਹੈ (5 ਮਹੀਨੇ ਜਾਂ ਘੱਟ, 6 ਮਹੀਨੇ, 7 ਅਤੇ 11 ਮਹੀਨਿਆਂ ਵਿੱਚਕਾਰ, ਜਾਂ 12 ਮਹੀਨੇ ਜਾਂ ਇਸ ਤੋਂ ਵੱਧ), ਖੇਤਰੀ ਬੇਰੁਜ਼ਗਾਰੀ ਆਰਥਿਕ ਸਹਾਇਤਾ ਦੇ ਹਫਤਿਆਂ ਵਿੱਚ ਵਾਧਾ ਕਰ ਸਕਦੀ ਹੈ।




*[1]ਨਮੂਨੇ ਦਾ ਖੇਤਰੀ ਵਿਭਾਜਨ, ਸੱਤ ਖੇਤਰਾਂ ਨੂੰ ਦਰਸਾਉਣ ਲਈ ਅਤੇ ਬੇਰੁਜਗਾਰੀ ਦਰ ਕਿਵੇਂ ਵੱਖਰੀ ਹੋ ਸਕਦੀ ਹੈ,ਦਰਸਾਉਣ ਲਈ ਪ੍ਰਯੋਗ ਕੀਤਾ ਜਾਂਦਾ ਹੈ।*

## ਬੇਰੁਜਗਾਰੀ ਦੀ ਦਰ ਸਮਰਥਿਤ ਨੌਕਰੀ ਭਾਲ ਦੇ ਲਾਭਾਂ ਉੱਤੇ ਪ੍ਰਭਾਵ ਪਾਉਂਦੀ ਹੈ।

WCB ਫੈਡਰਲ ਇੰਪਲੋਇਮੈਂਟ ਇੰਸ਼ੋਰੈਂਸ ਪ੍ਰੋਗ੍ਰਾਮ ਵਲੋਂ ਵਿਕਸਿਤ ਕੀਤੇ ਗਏ ਮਾਡਲ ਦਾ ਪ੍ਰਯੋਗ ਮਜ਼ਦੂਰ ਦੀ ਨੌਕਰੀ ਦੀ ਭਾਲ ਦੀ ਆਰਥਿਕ ਸਹਾਇਤਾ ਉੱਤੇ ਖੇਤਰੀ ਬੇਰੁਜਗਾਰੀ ਦੇ ਸੰਭਾਵੀ ਵਿਸਤਰਿਤ ਪ੍ਰਭਾਵ ਨੂੰ ਪਰਿਭਾਸ਼ਿਤ ਕਰਨ ਲਈ ਕੀਤਾ ਗਿਆ ਹੈ।

ਦੁਰਘਟਨਾ ਤੋਂ ਪਹਿਲਾਂ ਮਜ਼ਦੂਰਾਂ ਦੇ ਨੌਕਰੀ ਪ੍ਰਦਾਤਾ ਨਾਲ ਉਹਨਾਂ ਦੀ ਦੁਰਘਟਨਾ ਦੀ ਮਿਤੀ ਤੱਕ ਦੀ ਅਵਧੀ ਦੇ ਆਧਾਰ ਤੇ ਆਰਥਿਕ ਨੌਕਰੀ ਦੀ ਭਾਲ ਦੀ ਸਹਾਇਤਾ 16 ਹਫਤਿਆਂ ਤੋਂ ਹੇਠ ਦਿੱਤਿਆਂ ਵਿੱਚੋਂ ਇੱਕ ਤੱਕ ਵਧਾਈ ਜਾ ਸਕਦੀ ਹੈ:

| **ਮਜ਼ਦੂਰ ਦੀ DOA ਨੌਕਰੀ ਪ੍ਰਦਾਤਾ ਨਾਲ ਅਵਧੀ** | **5 ਮਹੀਨੇ ਤੋਂ ਘੱਟ** | **6 ਮਹੀਨੇ** | **7 ਮਹੀਨੇ- 11 ਮਹੀਨੇ** | **12 ਮਹੀਨੇ ਤੋਂ ਵੱਧ** |
|---|---|---|---|---|
| **ਮਜ਼ਦੂਰਾਂ ਦੀ ਬੇਰੁਜਗਾਰੀ ਦਰ** | ਨੌਕਰੀ ਭਾਲ ਲਈ ਕੁੱਲ ਹਫਤੇ (ਪਹਿਲੇ 16 ਹਫਤਿਆਂ ਦੇ ਨਾਲ) | | | |
| **ਯੂ ਆਰ (UR): 6 ਤੋਂ ਘੱਟ.** | 14 ਹਫਤੇ | 17 ਹਫਤੇ | 31 ਹਫਤੇ | 36 ਹਫਤੇ |
| **ਯੂ ਆਰ (UR): 6% ਤੋਂ ਵੱਧ - 8%** | 18 ਹਫਤੇ | 21 ਹਫਤੇ | 35 ਹਫਤੇ | 40 ਹਫਤੇ |
| **ਯੂ ਆਰ (UR): 8% ਤੋਂ ਵੱਧ - 12%** | 26 ਹਫਤੇ | 29 ਹਫਤੇ | 43 ਹਫਤੇ | 45 ਹਫਤੇ |
| **ਯੂ ਆਰ (UR): 12% ਤੋਂ ਵੱਧ - 14%** | 30 ਹਫਤੇ | 33 ਹਫਤੇ | 45 ਹਫਤੇ | 45 ਹਫਤੇ |
| **ਯੂ ਆਰ (UR): 14% ਤੋਂ ਵੱਧ -16%** | 34 ਹਫਤੇ | 37 ਹਫਤੇ | 45 ਹਫਤੇ | 45 ਹਫਤੇ |
| **ਯੂ ਆਰ (UR): 16% ਤੋਂ ਵੱਧ** | 36 ਹਫਤੇ | 39 ਹਫਤੇ | 45 ਹਫਤੇ | 45 ਹਫਤੇ |

**ਉਦਾਹਰਨਾਂ:**

ਜੇ, ਕਠੋਰ ਮਿਹਨਤ ਦੇ ਬਾਵਜੂਦ ਵੀ, ਇੱਕ ਜ਼ਖਮੀ ਮਜ਼ਦੂਰ 16 ਹਫਤਿਆਂ ਦੀ ਸਮਰਥਿਤ ਨੌਕਰੀ ਭਾਲ ਵਿੱਚ ਦੋ ਸੰਭਵ ਨੌਕਰੀ ਦੇ ਮੌਕੇ ਅਤੇ ਸੁਰੱਖਿਅਤ ਨੌਕਰੀ ਨਹੀਂ ਭਾਲ ਸਕਦਾ, ਤਾਂ ਹੇਠ ਲਿਖੇ ਅਨੁਸਾਰ ਇਸ ਵਿੱਚ ਵਾਧਾ ਕਰਨਾ ਸੰਭਵ ਹੈ।

| | **ਉਦਾਹਰਨ 1** | **ਉਦਾਹਰਨ 2** | **ਉਦਾਹਰਨ 3** |
|---|---|---|---|
| **ਬੁਨਿਆਦੀ ਹੱਕ** | **16 ਹਫਤੇ** | **16 ਹਫਤੇ** | **16 ਹਫਤੇ** |
| **ਮਜ਼ਦੂਰ ਦੇ ਹਾਲਾਤ** | • ਦੁਰਘਟਨਾ ਦੀ ਮਿਤੀ ਤੱਕ ਨੌਕਰੀ ਪ੍ਰਦਾਤਾ ਲਈ 3 ਮਹੀਨੇ ਕੰਮ ਕੀਤਾ<br>• ਖੇਤਰੀ ਬੇਰੁਜ਼ਗਾਰੀ ਦਰ: 3%. | • ਦੁਰਘਟਨਾ ਦੀ ਮਿਤੀ ਤੱਕ ਨੌਕਰੀ ਪ੍ਰਦਾਤਾ ਲਈ 6 ਮਹੀਨੇ ਕੰਮ ਕੀਤਾ<br>• ਖੇਤਰੀ ਬੇਰੁਜ਼ਗਾਰੀ ਦਰ: 3%. | • ਦੁਰਘਟਨਾ ਦੀ ਮਿਤੀ ਤੱਕ ਨੌਕਰੀ ਪ੍ਰਦਾਤਾ ਲਈ 3 ਸਾਲ ਕੰਮ ਕੀਤਾ<br>• ਖੇਤਰੀ ਬੇਰੁਜ਼ਗਾਰੀ ਦਰ: 3%. |
| **ਵਾਧੇ ਦਾ ਵਿਕਲਪ** | **ਕੋਈ ਨਹੀਂ** (ਵੱਧ ਤੋਂ ਵੱਧ ਨੌਕਰੀ ਦੀ ਭਾਲ 14 ਹਫਤਿਆਂ ਲਈ ਅਤੇ ਪਹਿਲਾਂ ਹੀ 16 ਹਫਤੇ ਪ੍ਰਾਪਤ ਕੀਤੇ ਹਨ) | **1 ਹਫਤਾ** (ਵੱਧ ਤੋਂ ਵੱਧ ਨੌਕਰੀ ਦੀ ਭਾਲ 17 ਹਫਤਿਆਂ ਲਈ ਅਤੇ ਪਹਿਲਾਂ ਹੀ 16 ਹਫਤੇ ਪ੍ਰਾਪਤ ਕੀਤੇ ਹਨ) | **20 ਹਫਤੇ** (ਵੱਧ ਤੋਂ ਵੱਧ ਨੌਕਰੀ ਦੀ ਭਾਲ 36 ਹਫਤਿਆਂ ਲਈ ਅਤੇ ਪਹਿਲਾਂ ਹੀ 16 ਹਫਤੇ ਪ੍ਰਾਪਤ ਕੀਤੇ ਹਨ) |

*ਨੋਟ: ਕਿਉਂਕਿ ਸਾਰੇ ਤਿੰਨਾਂ ਹਾਲਤਾਂ ਲਈ ਖੇਤਰੀ ਬੇਰੁਜ਼ਗਾਰੀ ਦਰ 3% ਹੈ, ਤਾਂ ਸਾਰੇ ਵਾਧੇ ਟੇਬਲ ਦੀ ਸਭ ਤੋਂ ਉਪਰਲੀ ਲਾਈਨ ਵਿੱਚ ਪਾਏ ਗਏ ਹਨ।*

*ਨੋਟ: ਕੋਈ ਵੀ ਦਿੱਤਾ ਗਿਆ ਵਾਧਾ ਉਦੋਂ ਖਤਮ ਹੋ ਜਾਂਦਾ ਹੈ ਜਦੋਂ ਤੁਹਾਡੇ ਲਈ ਦੋ ਸੰਭਵ ਮੌਕੇ ਪਛਾਣ ਲਏ ਜਾਂਦੇ ਹਨ।*